Office of Financial Management
Better information. Better decisions. Better government. Better Washington.

# ਵਿਕਰੇਤਾ/ਭੁਗਤਾਨਕਰਤਾ ਡਾਇਰੈਕਟ ਡਿਪੌਜ਼ਿਟ ਅਧਿਕਾਰਤ ਫਾਰਮ

## ਵਿਕਰੇਤਾ/ਭੁਗਤਾਨਕਰਤਾ ਡਾਇਰੈਕਟ ਡਿਪੌਜ਼ਿਟ ਅਧਿਕਾਰਤ ਫਾਰਮ ਨੂੰ ਭਰਨ ਲਈ ਦਿਸ਼ਾ-ਨਿਰਦੇਸ਼

**ਡਾਇਰੈਕਟ ਡਿਪੌਜ਼ਿਟ ਅਧਿਕਾਰਤ ਫਾਰਮ ਨੂੰ ਹੇਠ ਲਿਖੇ ਕੰਮ ਕਰਨ ਲਈ ਵਰਤਿਆ ਜਾਣਾ ਚਾਹੀਦਾ ਹੈ:**

ਡਾਇਰੈਕਟ ਡਿਪੌਜ਼ਿਟ ਭੁਗਤਾਨ ਸੈੱਟ-ਅੱਪ ਕਰੋ।
ਮੌਜੂਦਾ ਡਾਇਰੈਕਟ ਡਿਪੌਜ਼ਿਟ ਪ੍ਰਬੰਧਾਂ ਨੂੰ ਸੋਧੋ।
ਡਾਇਰੈਕਟ ਡਿਪੌਜ਼ਿਟ ਨੂੰ ਰੱਦ ਕਰੋ ਅਤੇ U.S. ਮੇਲ ਰਾਹੀਂ ਭੁਗਤਾਨ ਨੂੰ ਮੁੜ-ਸ਼ੁਰੂ ਕਰੋ।

**ਨੋਟ:**

ਜੇਕਰ ਟਾਈਪ ਕਰਨ ਦੀ ਬਜਾਏ ਲਿਖ ਰਹੇ ਹੋ, ਤਾਂ ਕਿਰਪਾ ਕਰਕੇ ਸਿਰਫ਼ ਨੀਲੀ ਜਾਂ ਕਾਲੀ ਸਿਆਹੀ ਵਿੱਚ ਸਪੱਸ਼ਟ ਰੂਪ ਵਿੱਚ ਪ੍ਰਿੰਟ ਕਰੋ। ਜੇਕਰ ਫਾਰਮਾਂ ਤੇ ਚਿੱਟੀ ਸਿਆਹੀ ਦੀ ਵਰਤੋਂ ਕੀਤੀ ਗਈ ਹੈ, ਕੱਟਿਆ ਗਿਆ ਹੈ, ਜਾਂ ਉੱਪਰ ਲਿਖਿਆ ਗਿਆ ਹੈ, ਤਾਂ ਫਾਰਮ ਸਵੀਕਾਰ ਨਹੀਂ ਕੀਤੇ ਜਾਣਗੇ।

**ਭਾਗ ਏ - ਪਛਾਣ ਸੰਬੰਧੀ ਵੇਰਵੇ:**

ਤੁਹਾਨੂੰ ਇਸ ਫਾਰਮ ਦੀ ਨਵੀਂ ਰਜਿਸਟ੍ਰੇਸ਼ਨ ਹੋਣ ਤੇ ਆਪਣਾ ਸੂਬਾ ਵਿਆਪੀ ਵਿਕਰੇਤਾ ਨੰਬਰ ਪ੍ਰਦਾਨ ਕਰਨਾ ਚਾਹੀਦਾ ਹੈ।
ਜੇਕਰ ਤੁਸੀਂ ਆਪਣਾ ਸੂਬਾ ਵਿਆਪੀ ਵਿਕਰੇਤਾ ਨੰਬਰ ਨਹੀਂ ਜਾਣਦੇ ਹੋ, ਤਾਂ ਵਿਕਰੇਤਾ ਲੁੱਕਅੱਪ ਪੰਨੇ ਦੀ ਵਰਤੋਂ ਕਰੋ।
ਤੁਹਾਨੂੰ ਆਪਣਾ ਕਨੂੰਨੀ ਨਾਮ ਪ੍ਰਦਾਨ ਕਰਨਾ ਚਾਹੀਦਾ ਹੈ ਜਿਵੇਂ ਕਿ ਇਹ IRS (Internal Revenue Service, ਅੰਦਰੂਨੀ ਆਮਦਨ ਸੇਵਾ) ਨਾਲ ਦਿਖਾਈ ਦਿੰਦਾ ਹੈ।
ਜੇਕਰ ਤੁਹਾਡੇ ਕੋਲ ਆਪਣਾ DBA (Doing Business As,  ਜਿਸ ਨਾਮ ਦੇ ਰੂਪ ਵਿੱਚ ਵਪਾਰ ਕਰ ਰਹੇ ਹੋ) ਹੈ, ਤਾਂ ਤੁਹਾਨੂੰ ਇਸਨੂੰ ਪ੍ਰਦਾਨ ਕਰਨਾ ਚਾਹੀਦਾ ਹੈ।
ਤੁਹਾਨੂੰ ਆਪਣਾ SSN (Social Security Number, ਸਮਾਜਕ ਸੁਰੱਖਿਆ ਨੰਬਰ) ਜਾਂ EIN (Employer Identification Number, ਰੁਜ਼ਗਾਰਦਾਤਾ ਪਛਾਣ ਨੰਬਰ) ਪ੍ਰਦਾਨ ਕਰਨਾ ਚਾਹੀਦਾ ਹੈ।

**ਭਾਗ ਬੀ - ਭੁਗਤਾਨ ਵਿਕਲਪ:**

ਤੁਹਾਡੀ ਤਰਜੀਹੀ ਭੁਗਤਾਨ ਵਿਧੀ ਨੂੰ ਦਰਸ਼ਾਉਣ ਵਾਲੇ ਬਕਸੇ ਤੇ ਸਹੀ ਦਾ ਨਿਸ਼ਾਨ ਲਗਾਓ।

**ਭਾਗ ਸੀ – ਡਾਇਰੈਕਟ ਡਿਪੌਜ਼ਿਟ ਦੀ ਜਾਣਕਾਰੀ ਅਤੇ ਦਸਤਖਤ:**

ਜੇਕਰ ਤੁਸੀਂ ਭਾਗ ਬੀ ਵਿੱਚ ਡਾਇਰੈਕਟ ਡਿਪੌਜ਼ਿਟ ਤੇ ਸਹੀ ਦਾ ਨਿਸ਼ਾਨ ਲਗਾਇਆ ਹੈ, ਤਾਂ ਭਾਗ ਸੀ ਵਿੱਚ ਸਾਰੇ ਖੇਤਰਾਂ ਨੂੰ ਭਰੋ।
ਜੇਕਰ ਖਾਤੇ ਦੀ ਕਿਸਮ ਖਾਲੀ ਛੱਡ ਦਿੱਤੀ ਜਾਂਦੀ ਹੈ, ਤਾਂ ਅਸੀਂ ਡਿਫ਼ਾਲਟ ਖਾਤੇ ਦੀ ਜਾਂਚ ਕਰਾਂਗੇ।
ਜੇਕਰ ਭੁਗਤਾਨ ਦੀ ਕਿਸਮ ਖਾਲੀ ਛੱਡ ਦਿੱਤੀ ਜਾਂਦੀ ਹੈ, ਤਾਂ ਅਸੀਂ ਕਾਰਪੋਰੇਟ/ਵਪਾਰਕ ਭੁਗਤਾਨ ਲਈ ਡਿਫ਼ਾਲਟ ਕਰਾਂਗੇ।

**ਦਸਤਖਤ ਬਲਾਕ:**

ਕਿਰਪਾ ਕਰਕੇ ਇੱਕ ਪੈੱਨ (ਇੱਕ "ਗਿੱਲੇ ਦਸਤਖਤ") ਨਾਲ ਦਸਤਖਤ ਕਰੋ।
ਇਲੈਕਟ੍ਰਾਨਿਕ, ਸੰਮਿਲਿਤ ਜਾਂ ਮੋਹਰ ਵਾਲੇ ਦਸਤਖਤ ਸਵੀਕਾਰ ਨਹੀਂ ਕੀਤੇ ਜਾਣਗੇ।
ਇਸ ਫਾਰਮ ਨੂੰ ਦਸਤਖਤ ਕੀਤੇ ਜਾਣ ਤੱਕ ਵੈਧ ਨਹੀਂ ਮੰਨਿਆ ਜਾਂਦਾ ਹੈ।

**ਵਿਕਰੇਤਾ/ਭੁਗਤਾਨਕਰਤਾ ਡਾਇਰੈਕਟ ਡਿਪੌਜ਼ਿਟ ਅਧਿਕਾਰਤ ਫਾਰਮ ਸਬਮਿਟ ਕਰਨਾ**

ਕਿਰਪਾ ਕਰਕੇ ਭਰੇ ਹੋਏ ਫਾਰਮ ਨੂੰ ਪ੍ਰਿੰਟ ਕਰੋ ਅਤੇ ਦਸਤਖਤ ਕਰੋ
PDF ਫਾਰਮੈਟ ਵਿੱਚ ਸਕੈਨ ਕਰੋ ਅਤੇ ਇਸ ਪਤੇ ਤੇ ਈਮੇਲ ਭੇਜੋ: payeeforms@ofm.wa.gov
ਇਸ ਪਤੇ ਤੇ ਫੈਕਸ ਕਰੋ: (360) 664-3363 ਜਾਂ
ਇਸ ਪਤੇ ਤੇ ਮੇਲ ਭੇਜੋ: Statewide Payee Registration, PO Box 41450, Olympia, WA 98504-1450
ਫਾਰਮ ਬਾਰੇ ਸਵਾਲਾਂ ਲਈ, ਕਿਰਪਾ ਕਰਕੇ (360) 407-8180 ਐਕਸਟੈਂਸ਼ਨ 5 ਤੇ ਭੁਗਤਾਨਕਰਤਾ ਰਜਿਸਟ੍ਰੇਸ਼ਨ ਯੂਨਿਟ ਨਾਲ ਸੰਪਰਕ ਕਰੋ ਜਾਂ ਕਿਸੇ ਹੋਰ ਸਵਾਲ ਲਈ, ਕਿਰਪਾ ਕਰਕੇ ਉਸ ਏਜੰਸੀ ਨਾਲ ਸੰਪਰਕ ਕਰੋ, ਜਿਸ ਤੋਂ ਤੁਸੀਂ ਭੁਗਤਾਨ ਦੀ ਉਮੀਦ ਕਰ ਰਹੇ ਹੋ।

ਕਿਰਪਾ ਕਰਕੇ ਸਟੈਪਲ ਨਾ ਕਰੋ

# ਵਿਕਰੇਤਾ/ਭੁਗਤਾਨਕਰਤਾ ਡਾਇਰੈਕਟ ਡਿਪੌਜ਼ਿਟ ਅਧਿਕਾਰਤ ਫਾਰਮ

**ਜ਼ਰੂਰੀ:** ਮੌਜੂਦਾ ਰਜਿਸਟ੍ਰੇਸ਼ਨਾਂ ਵਿੱਚ ਬਦਲਾਅ ਲਈ, ਇਸ ਬਦਲਾਅ ਦੀ ਪੁਸ਼ਟੀ ਕਰਨ ਲਈ ਤੁਹਾਨੂੰ ਤੁਹਾਡੇ ਰਜਿਸਟਰਡ ਈਮੇਲ ਜਾਂ ਟੈਲੀਫ਼ੋਨ ਨੰਬਰ ਜਾਂ ਭੌਤਿਕ ਡਾਕ ਪਤੇ ਰਾਹੀਂ ਸੰਪਰਕ ਕੀਤਾ ਜਾਵੇਗਾ। ਬਦਲਾਅ ਉਦੋਂ ਤੱਕ ਲਾਗੂ ਨਹੀਂ ਹੋਣਗੇ, ਜਦੋਂ ਤੱਕ ਉਹਨਾਂ ਦੀ ਫ਼ਾਈਲ ਤੇ ਸੰਪਰਕ ਵਿਅਕਤੀ ਨਾਲ ਸਫ਼ਲਤਾਪੂਰਵਕ ਪੁਸ਼ਟੀ ਨਹੀਂ ਹੋ ਜਾਂਦੀ।

**ਭਾਗ ਏ: ਪਛਾਣ ਵੇਰਵੇ ਦਰਜ ਕਰੋ: ਸਾਰੇ ਖੇਤਰ ਲੋੜੀਂਦੇ ਹਨ**:

ਸੂਬਾ ਵਿਆਪੀ ਵਿਕਰੇਤਾ ਨੰਬਰ:

| | | | | | | | | | | | | |
|---|---|---|---|---|---|---|---|---|---|---|---|---|
| S | W | V | | | | | | | | - | | |

ਕਨੂੰਨੀ ਨਾਮ: ______________________________

ਇਸ ਰੂਪ ਵਿੱਚ ਵਪਾਰ ਕਰਨਾ (DBA): ______________________________

ਕਰਦਾਤਾ ਪਛਾਣ ਨੰਬਰ:
(SSN ਜਾਂ EIN)

| | | | | | | | | |
|---|---|---|---|---|---|---|---|---|
| | | | | | | | | |

**ਭਾਗ ਬੀ: ਭੁਗਤਾਨ ਵਿਕਲਪ ਚੁਣੋ**:

☐ ਬੈਂਕ ਵਿੱਚ ਡਾਇਰੈਕਟ ਡਿਪੌਜ਼ਿਟ (ਸਿਫ਼ਾਰਸ਼ੀ)

☐ US (United States, ਸੰਯੁਕਤ ਰਾਜ) ਮੇਲ ਵਿੱਚ ਚੈੱਕ ਕਰੋ (ਫਾਈਲ ਤੇ ਕਿਸੇ ਵੀ ਪਿਛਲੀ ਬੈਂਕਿੰਗ ਜਾਣਕਾਰੀ ਨੂੰ ਸਮਾਪਤ ਕਰਦਾ ਹੈ)।

**ਭਾਗ ਸੀ: ਡਾਇਰੈਕਟ ਡਿਪੌਜ਼ਿਟ ਲਈ, ਹੇਠਾਂ ਦਿੱਤੇ ਸਾਰੇ ਖੇਤਰਾਂ ਨੂੰ ਪੂਰਾ ਕਰੋ, ਫਿਰ ਪ੍ਰਿੰਟ ਕਰੋ ਅਤੇ ਦਸਤਖਤ ਕਰੋ**:

ਇਸ ਫਾਰਮ ਤੇ ਆਪਣੀ ਬੈਂਕਿੰਗ ਜਾਣਕਾਰੀ ਪ੍ਰਦਾਨ ਕਰਨ ਤੋਂ ਇਲਾਵਾ, ਤੁਸੀਂ ਇੱਕ ਅਵੈਧ ਚੈੱਕ ਵੀ ਨੱਥੀ ਕਰ ਸਕਦੇ ਹੋ।

ਵਿੱਤੀ ਸੰਸਥਾ ਦਾ ਨਾਮ – ਇੱਕ ਅਮਰੀਕੀ ਸੰਸਥਾ ਹੋਣੀ ਚਾਹੀਦੀ ਹੈ: ______________________________

ਵਿੱਤੀ ਸੰਸਥਾ ਦਾ ਟੈਲੀਫ਼ੋਨ ਨੰਬਰ: ______________________________

ਰੂਟਿੰਗ ਨੰਬਰ – ਸੱਜੇ ਪਾਸੇ ਉਦਾਹਰਨ ਦੇਖੋ: ______________________________

ਖਾਤਾ ਨੰਬਰ – ਸੱਜੇ ਪਾਸੇ ਉਦਾਹਰਨ ਦੇਖੋ: ______________________________




ਖਾਤੇ ਦੀ ਕਿਸਮ: ☐ ਚੈਕਿੰਗ ☐ ਬੱਚਤ

ਭੁਗਤਾਨ ਦੀ ਕਿਸਮ: ☐ PPD (ਨਿੱਜੀ) ☐ CCD (ਕਾਰਪੋਰੇਟ/ਵਪਾਰ)

**ਡਾਇਰੈਕਟ ਡਿਪੌਜ਼ਿਟ ਲਈ ਅਧਿਕਾਰ**

ਮੈਂ ਇਸ ਦੁਆਰਾ ਅਧਿਕਾਰਤ ਕਰਦਾ/ਕਰਦੀ ਹਾਂ ਅਤੇ OFM (Office of Financial Management, ਵਿੱਤੀ ਪ੍ਰਬੰਧਨ ਦੇ ਦਫ਼ਤਰ) ਅਤੇ OST (Office of the State Treasurer, ਸੂਬਾ ਖਜ਼ਾਨਚੀ ਦੇ ਦਫ਼ਤਰ) ਨੂੰ ਉਪਰੋਕਤ ਦਰਸਾਏ ਖਾਤੇ ਵਿੱਚ ਭੁਗਤਾਨ ਕਰਤਾ ਦੇ ਭੁਗਤਾਨ ਲਈ ਕ੍ਰੈਡਿਟ ਐਂਟਰੀਆਂ ਸ਼ੁਰੂ ਕਰਨ ਲਈ ਬੇਨਤੀ ਕਰਦਾ ਹਾਂ, ਅਤੇ ਉਪਰੋਕਤ ਨਾਮੀ ਵਿੱਤੀ ਸੰਸਥਾ ਅਜਿਹੇ ਖਾਤੇ ਵਿੱਚ ਕ੍ਰੈਡਿਟ ਕਰਨ ਲਈ ਅਧਿਕਾਰਤ ਹੈ। ਮੈਂ ਇਹਨਾਂ ਐਂਟਰੀਆਂ ਦੇ ਸਬੰਧ ਵਿੱਚ NACHA (National Automated Clearing House Association, ਨੈਸ਼ਨਲ ਆਟੋਮੇਟਿਡ ਕਲੀਅਰਿੰਗ ਹਾਊਸ ਐਸੋਸੀਏਸ਼ਨ) ਨਿਯਮਾਂ ਦੀ ਪਾਲਣਾ ਕਰਨ ਲਈ ਸਹਿਮਤ ਹਾਂ। NACHA ਨਿਯਮਾਂ ਦੇ ਅਨੁਸਾਰ, OFM ਅਤੇ OST ਇੱਕ ਡੁਪਲੀਕੇਟ ਜਾਂ ਗਲਤ ਐਂਟਰੀ ਨੂੰ ਯਾਦ ਕਰਨ ਲਈ ਇੱਕ ਰਿਵਰਸਿੰਗ ਐਂਟਰੀ ਸ਼ੁਰੂ ਕਰ ਸਕਦੇ ਹਨ, ਜਿਸਨੂੰ ਉਹਨਾਂ ਨੇ ਪਹਿਲਾਂ ਸ਼ੁਰੂ ਕੀਤਾ ਸੀ। ਮੈਂ ਇਹ ਸਮਝਦਾ/ਸਮਝਦੀ ਹਾਂ ਕਿ ਜੇਕਰ ਕਿਸੇ ਉਲਟ ਕਾਰਵਾਈ ਦੀ ਜ਼ਰੂਰਤ ਹੈ, ਤਾਂ OFM ਇਸ ਦਫ਼ਤਰ ਨੂੰ ਗਲਤੀ ਅਤੇ ਵਾਪਸ ਕਰਨ ਦੇ ਕਾਰਨ ਬਾਰੇ ਸੂਚਿਤ ਕਰੇਗਾ। ਇਹ ਅਥਾਰਟੀ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ OFM ਅਤੇ OST ਕੋਲ ਇੱਥੇ ਸ਼ੁਰੂ ਕੀਤੀ ਡਾਇਰੈਕਟ ਡਿਪੌਜ਼ਿਟ ਸੇਵਾ ਨੂੰ ਸਮਾਪਤ ਕਰਨ ਜਾਂ ਬਦਲਣ ਦੀ ਲਿਖਤੀ ਬੇਨਤੀ ਤੇ ਕਾਰਵਾਈ ਕਰਨ ਦਾ ਉਚਿਤ ਮੌਕਾ ਨਹੀਂ ਹੁੰਦਾ।

______________________________ ______________________________
ਅਧਿਕਾਰਤ ਪ੍ਰਤੀਨਿਧੀ (ਕਿਰਪਾ ਕਰਕੇ ਪ੍ਰਿੰਟ ਕਰੋ) ਸਿਰਲੇਖ

______________________________ ______________________________
ਅਧਿਕਾਰਤ ਪ੍ਰਤੀਨਿਧੀ ਦੇ ਦਸਤਖਤ ਮਿਤੀ: ਇਹ ਫਾਰਮ 90 ਦਿਨਾਂ ਲਈ ਵੈਧ ਹੈ